In the name of Allah the Most Gracious the Ever Merciful

بسم اللہ الرحمن الرحیم

Press Desk
Ahmadiyya Muslim Jamaat
INTERNATIONAL
(INDIA)

شعبہ پریس اینڈ میڈیا بھارت
**Office Press & Media**
Ahmadiyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988
Email: pressamjindia@gmail.com
Tel: +91-1872-500282
ahmadiyya_press ahmadiyyapressindia

( A Registered Religious and Charitable Society in India under the Societies Registration Act XXI 1860 )

زیرحوالہ/Ref **SPM-274**
تاریخ/Date **11-10-2025**

# ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਰਬਵਾ, ਪਾਕਿਸਤਾਨ ਵਿੱਚ ਅਹਮਦੀਆ ਮਸਜਿਦ 'ਤੇ ਹੋਏ ਦਹਿਸ਼ਤਗਰਦ ਹਮਲੇ ਤੋਂ ਬਾਅਦ ਪੀੜਤਾਂ ਲਈ ਦੁਆ ਕੀਤੀ।

ਪੰਜਾਬ (ਪਾਕਿਸਤਾਨ) ਸਰਕਾਰ ਅਤੇ ਇਸ ਦੇ ਮੁੱਖ ਮੰਤਰੀ ਦਾਅਵਾ ਕਰਦੇ ਹਨ ਕਿ ਪੰਜਾਬ ਵਿੱਚ ਅਪਰਾਧ 'ਤੇ ਸੌ ਪ੍ਰਤੀਸ਼ਤ ਕਾਬੂ ਪਾ ਲਿਆ ਗਿਆ ਹੈ ਅਤੇ ਹੁਣ ਕੋਈ ਅਪਰਾਧੀ ਬਾਕੀ ਨਹੀਂ ਰਿਹਾ। ਫਿਰ ਵੀ, ਅਹਮਦੀਆਂ 'ਤੇ ਵਾਰ ਵਾਰ ਹੋਣ ਵਾਲੇ ਹਮਲੇ — ਉਨ੍ਹਾਂ ਦਾ ਸ਼ਹੀਦ ਕੀਤਾ ਜਾਣਾ, ਜ਼ਖ਼ਮੀ ਕੀਤਾ ਜਾਣਾ ਜਾਂ ਉਨ੍ਹਾਂ ਦੀ ਸੰਪਤੀ ਨੂੰ ਅੱਗ ਲਗਾਉਣਾ — ਸ਼ਾਇਦ ਅਪਰਾਧ ਵਜੋਂ ਗਿਣੇ ਹੀ ਨਹੀਂ ਜਾਂਦੇ।" — ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ

ਸ਼ੁੱਕਰਵਾਰ, 10 ਅਕਤੂਬਰ 2025 ਨੂੰ, ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ, ਅਹਮਦੀਆ ਮੁਸਲਿਮ ਭਾਈਚਾਰੇ ਦੇ ਵਿਸ਼ਵ ਪ੍ਰਮੁੱਖ, ਨੇ ਰਬਵਾ, ਪਾਕਿਸਤਾਨ ਵਿੱਚ ਬੈਤੁਲ ਮਹਦੀ ਮਸਜਿਦ ਵਿੱਚ ਇਬਾਦਤ ਕਰ ਰਹੇ ਅਹਮਦੀ ਮੁਸਲਮਾਨਾਂ 'ਤੇ ਹੋਏ ਦਹਿਸ਼ਤਗਰਦੀ ਹਮਲੇ ਦੇ ਸੰਬੰਧ ਵਿੱਚ ਸੰਬੋਧਨ ਕੀਤਾ। ਇਹ ਹਮਲਾ ਉਸੇ ਦਿਨ ਸਵੇਰੇ ਹੋਇਆ ਸੀ।

ਪਹਿਲੀ ਰਿਪੋਰਟਾਂ ਮੁਤਾਬਕ, ਇੱਕ ਹਥਿਆਰਬੰਦ ਹਮਲਾਵਰ ਨੇ ਮਸਜਿਦ ਦੇ ਬਾਹਰ ਖੜ੍ਹੇ ਅਹਮਦੀਆ ਮੁਸਲਿਮ ਭਾਈਚਾਰੇ ਦੇ ਉਨ੍ਹਾਂ ਮੈਂਬਰਾਂ 'ਤੇ ਗੋਲੀਆਂ ਚਲਾਈਆਂ ਜੋ ਨਮਾਜ਼ੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸੇਵਾ ਕਰ ਰਹੇ ਸਨ। ਕਈ ਅਹਮਦੀ ਮੁਸਲਮਾਨਾਂ 'ਤੇ ਗੋਲੀਆਂ ਚਲਾਈਆਂ ਗਈਆਂ ਅਤੇ ਉਹ ਜ਼ਖ਼ਮੀ ਹੋ ਗਏ। ਘੱਟੋ-ਘੱਟ ਦੋ ਅਹਮਦੀ ਮੁਸਲਮਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਜਦਕਿ ਹੋਰਾਂ ਨੂੰ ਹਲਕੀਆਂ ਚੋਟਾਂ ਆਈਆਂ। ਸੁਰੱਖਿਆ ਕਰਮਚਾਰੀਆਂ ਨੇ ਹਮਲਾਵਰ ਨੂੰ ਮਸਜਿਦ ਵਿੱਚ ਦਾਖਲ ਹੋਣ ਅਤੇ ਹੋਰ ਬੇਗੁਨਾਹ ਲੋਕਾਂ ਨੂੰ ਨਿਸ਼ਾਨਾ ਬਣਾਉਣ ਤੋਂ ਪਹਿਲਾਂ ਹੀ ਮੌਕੇ 'ਤੇ ਮਾਰ ਦਿੱਤਾ।

ਇਹ ਹਮਲਾ ਪਾਕਿਸਤਾਨ ਵਿੱਚ ਅਹਮਦੀਆ ਮੁਸਲਿਮ ਭਾਈਚਾਰੇ ਦੇ ਖਿਲਾਫ਼ ਚੱਲ ਰਹੇ ਲੰਬੇ ਅਤੇ ਸੁਚਿੰਤਤ ਤਸ਼ੱਦਦ ਅਤੇ ਪੀੜਾ ਦੇ ਇਤਿਹਾਸ ਦੇ ਵਿਚਕਾਰ ਹੋਇਆ ਹੈ, ਜਿੱਥੇ ਭੇਦਭਾਵਪੂਰਣ ਕਾਨੂੰਨਾਂ ਦੇ ਤਹਿਤ ਇਸ ਭਾਈਚਾਰੇ ਦੇ ਮੈਂਬਰਾਂ ਨੂੰ ਬੁਨਿਆਦੀ ਨਾਗਰਿਕ ਅਤੇ ਧਾਰਮਿਕ ਹੱਕਾਂ ਤੋਂ ਵਾਂਝਾ ਕੀਤਾ ਗਿਆ ਹੈ। ਅਹਮਦੀ ਮੁਸਲਮਾਨਾਂ ਨੂੰ ਕਾਨੂੰਨੀ ਤੌਰ 'ਤੇ ਆਪਣੇ ਆਪ ਨੂੰ ਮੁਸਲਮਾਨ ਕਹਿਣ ਜਾਂ ਖੁੱਲ੍ਹੇਆਮ ਆਪਣੇ ਧਰਮ ਦੀ ਅਭਿਆਸ ਕਰਨ ਤੋਂ ਰੋਕਿਆ ਗਿਆ ਹੈ ਅਤੇ ਉਹ ਅਕਸਰ ਨਫ਼ਰਤ 'ਤੇ ਆਧਾਰਿਤ ਮੁਹਿੰਮਾਂ ਅਤੇ ਹਿੰਸਕ ਹਮਲਿਆਂ ਦਾ ਨਿਸ਼ਾਨਾ ਬਣਦੇ ਹਨ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਫ਼ਰਮਾਇਆ:

"ਅੱਜ ਰਬਵਾ ਵਿੱਚ ਗੋਲ ਬਾਜ਼ਾਰ ਵਿਖੇ ਬੈਤੁਲ ਮਹਦੀ [ਮਸਜਿਦ] 'ਤੇ ਦਹਿਸ਼ਤਗਰਦਾਂ ਨੇ ਹਮਲਾ ਕੀਤਾ, ਜਿਸ ਵਿੱਚ ਸਾਡੇ ਪੰਜ ਜਾਂ ਛੇ ਮੈਂਬਰ ਜ਼ਖ਼ਮੀ ਹੋਏ। ਉਨ੍ਹਾਂ ਵਿੱਚੋਂ ਦੋ ਦੀ ਹਾਲਤ ਗੰਭੀਰ ਹੈ ਅਤੇ ਉਹਨਾਂ ਦਾ ਓਪਰੇਸ਼ਨ ਚੱਲ ਰਿਹਾ ਸੀ। ਅੱਲਾਹ ਤਆਲਾ ਉਨ੍ਹਾਂ ਨੂੰ ਪੂਰੀ ਅਤੇ ਜਲਦੀ ਸ਼ਿਫ਼ਾ ਬਖ਼ਸ਼ੇ ਅਤੇ ਸਾਰੇ ਜ਼ਖ਼ਮੀਆਂ 'ਤੇ ਆਪਣਾ ਖ਼ਾਸ ਫ਼ਜ਼ਲ ਅਤੇ ਰਹਿਮਤ

ਨਾਜ਼ਿਲ ਫ਼ਰਮਾਏ। ਦੋ ਗੰਭੀਰ ਰੂਪ ਵਿੱਚ ਜ਼ਖ਼ਮੀ ਲੋਕਾਂ ਨੂੰ ਪੇਟ ਵਿੱਚ ਗੋਲੀ ਲੱਗੀ। ਸਾਡੇ ਸੁਰੱਖਿਆ ਕਰਮਚਾਰੀਆਂ ਵੱਲੋਂ ਇੱਕ ਦਹਿਸ਼ਤਗਰਦ ਮਾਰਿਆ ਗਿਆ। ਹੁਣ ਤੱਕ ਇਹੀ ਰਿਪੋਰਟ ਮਿਲੀ ਹੈ; ਹੋਰ ਵੇਰਵੇ ਹਾਲੇ ਆਉਣੇ ਬਾਕੀ ਹਨ।”

ਘਟਨਾ ਦਾ ਵੇਰਵਾ ਦੇਣ ਤੋਂ ਬਾਅਦ, ਹੁਜ਼ੂਰ ਅਨਵਰ (ਅਯਜਦਹੁੱਲਾਹੁ ਤਆਲਾ ਬਿਨਸ੍ਰਿਹਿਲ ਅਜ਼ੀਜ਼) ਨੇ ਉਹਨਾਂ ਭਾਈਚਾਰੇ ਦੇ ਮੈਂਬਰਾਂ ਲਈ ਦੁਆ ਕੀਤੀ ਜੋ ਆਪਣੇ ਇਮਾਨ ਦੀ ਖਿਦਮਤ ਕਰਦੇ ਹੋਏ ਜ਼ਖ਼ਮੀ ਹੋਏ ਸਨ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸੂਬੇ ਵਿੱਚ ਜੁਰਮ ਦੇ ਪੂਰੀ ਤਰ੍ਹਾਂ ਖਤਮ ਹੋ ਜਾਣ ਦੇ ਖੋਖਲੇ ਦਾਵਿਆਂ ਦੀ ਬਜਾਏ ਇਨਸਾਫ਼ ਕਾਇਮ ਕਰੇ ਅਤੇ ਸਾਰੇ ਸ਼ਹਿਰੀਆਂ ਦੀ ਸੁਰੱਖਿਆ ਦੀ ਆਪਣੀ ਜ਼ਿੰਮੇਵਾਰੀ ਪੂਰੀ ਕਰੇ।

ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ sਫ਼ਰਮਾਇਆ:

“ਅੱਲਾਹ ਤਆਲਾ ਬਹੁਤ ਜਲਦੀ ਉਹਨਾਂ ਦਹਿਸ਼ਤਗਰਦਾਂ, ਕਾਨੂੰਨ ਤੋੜਨ ਵਾਲਿਆਂ ਅਤੇ ਜਮਾਤ ਦੇ ਮੁਖਾਲਫ਼ਾਂ ਨੂੰ ਇਨਸਾਫ਼ ਦੇ ਕਟਘਰੇ ਵਿੱਚ ਲਿਆਵੇ। ਪੰਜਾਬ ਸਰਕਾਰ ਅਤੇ ਉਸ ਦੇ ਮੁੱਖ ਮੰਤਰੀ ਦਾਅਵਾ ਕਰਦੇ ਹਨ ਕਿ ਪੰਜਾਬ ਵਿੱਚ ਜੁਰਮ ਸੌ ਫ਼ੀਸਦੀ ਕਾਬੂ ਵਿੱਚ ਹੈ ਅਤੇ ਹੁਣ ਕੋਈ ਅਪਰਾਧੀ ਨਹੀਂ ਬਚਿਆ। ਪਰ ਅਹਮਦੀਆਂ 'ਤੇ ਵਾਰ-ਵਾਰ ਹੋਣ ਵਾਲੇ ਹਮਲੇ — ਜਿਨ੍ਹਾਂ ਵਿੱਚ ਉਹਨਾਂ ਨੂੰ ਸ਼ਹੀਦ ਕੀਤਾ ਜਾਂਦਾ ਹੈ, ਜ਼ਖ਼ਮੀ ਕੀਤਾ ਜਾਂਦਾ ਹੈ ਜਾਂ ਉਹਨਾਂ ਦੀ ਜਾਇਦਾਦ ਨੂੰ ਅੱਗ ਲਾਈ ਜਾਂਦੀ ਹੈ — ਸ਼ਾਇਦ ਇਹ ਜੁਰਮਾਂ ਵਿੱਚ ਗਿਣੇ ਹੀ ਨਹੀਂ ਜਾਂਦੇ।

ਅੱਲਾਹ ਤਆਲਾ ਇਹਨਾਂ ਸਰਕਾਰਾਂ ਨੂੰ ਅਕਲ ਅਤੇ ਹਿਦਾਇਤ ਬਖ਼ਸ਼ੇ ਅਤੇ ਜਲਦੀ ਹੀ ਆਪਣੇ ਨਿਸ਼ਾਨ ਜਮਾਤ ਦੇ ਹੱਕ ਵਿੱਚ ਜ਼ਾਹਿਰ ਕਰੇ।”

ਆਪਣੇ ਜੁਮ੍ਹਾ ਦੇ ਖੁਤਬੇ ਦੇ ਸ਼ੁਰੂ ਵਿੱਚ, ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਨੇ ਉਹਨਾਂ ਘਟਨਾਵਾਂ 'ਤੇ ਗੌਰ ਕੀਤਾ ਜੋ ਹਜ਼ਰਤ ਮੁਹੰਮਦ ਮੁਸਤਫ਼ਾ (ਸੱਲੱਲਾਹੁ ਅਲੈਹਿ ਵਸੱਲਮ) ਦੀ ਫ਼ਤਹ ਮੱਕਾ ਤੋਂ ਬਾਅਦ ਮਦੀਨਾ ਵਾਪਸੀ ਦੌਰਾਨ ਵਾਪਰੀਆਂ। ਇਹ ਘਟਨਾਵਾਂ ਇਸ ਗੱਲ ਦੀ ਯਾਦ ਦਿਵਾਉਂਦੀਆਂ ਹਨ ਕਿ ਹਜ਼ਰਤ ਮੁਹੰਮਦ (ਸੱਲੱਲਾਹੁ ਅਲੈਹਿ ਵਸੱਲਮ) ਦੀ ਰਹਿਮਤ ਅਤੇ ਕਰੁਣਾ ਬੇਮਿਸਾਲ ਸੀ ਅਤੇ ਇਹ ਅੱਜ ਵੀ ਜਮਾਤ ਨੂੰ ਇਸ ਗੱਲ ਲਈ ਰਾਹਨੁਮਾਈ ਕਰਦੀਆਂ ਹਨ ਕਿ ਮੁਸੀਬਤ ਅਤੇ ਵਿਰੋਧ ਦੇ ਸਮੇਂ ਅਮਨ ਅਤੇ ਮਾਫ਼ੀ ਦੇ ਅਸੂਲਾਂ 'ਤੇ ਕਿਵੇਂ ਕਾਇਮ ਰਹਿਣਾ ਚਾਹੀਦਾ ਹੈ।

*ਰਬਵਾ, ਜੋ ਪੰਜਾਬ ਸੂਬੇ ਵਿੱਚ ਸਥਿਤ ਹੈ, ਪਾਕਿਸਤਾਨ ਵਿੱਚ ਅਹਮਦੀਆ ਮੁਸਲਿਮ ਜਮਾਤ ਦਾ ਪ੍ਰਸ਼ਾਸਕੀ ਮੁੱਖ ਦਫ਼ਤਰ ਹੈ।

**Tariq Ahmad K**
Incharge Press & Media,
Ahmadiyya Muslim Jama'at India.